# Official Spokesperson's response to media queries regarding the agreement between the parties to the Yemeni conflict

.............

# ਯਮਨੀ ਸੰਘਰਸ਼ 'ਚ ਸ਼ਾਮਲ ਧਿਰਾਂ ਵਿਚਕਾਰ ਸਮਝੌਤੇ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

# 3 ਜੂਨ, 2022

ਯਮਨੀ ਸੰਘਰਸ਼ 'ਚ ਸ਼ਾਮਲ ਧਿਰਾਂ ਵਿਚਕਾਰ ਸਮਝੌਤੇ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ:

"ਅਸੀਂ ਯਮਨੀ ਸੰਘਰਸ਼' ਚ ਸ਼ਾਮਲ ਧਿਰਾਂ ਦਰਮਿਆਨ ਮੌਜੂਦਾ ਜੰਗਬੰਦੀ ਨੂੰ ਹੋਰ ਦੋ ਮਹੀਨਿਆਂ ਲਈ ਨਵਿਆਉਣ ਲਈ ਹੋਏ ਸਮਝੌਤੇ ਦਾ ਸੁਆਗਤ ਕਰਦੇ ਹਾਂ। ਅਸੀਂ ਇਸ ਘਟਨਾਕ੍ਰਮ, ਪਿਛਲੇ ਦੋ ਮਹੀਨਿਆਂ ਵਿੱਚ ਜੰਗਬੰਦੀ ਦੌਰਾਨ ਯਮਨ ਵਿੱਚ ਹਿੰਸਾ ਵਿੱਚ ਆਈ ਕਮੀ ਅਤੇ ਸੰਯੁਕਤ ਰਾਸ਼ਟਰ ਦੀ ਸਰਪ੍ਰਸਤੀ ਹੇਠ ਦੋਨਾਂ ਧਿਰਾਂ ਵਿਚਕਾਰ ਹੋਈ ਆਹਮੋ-ਸਾਹਮਣੇ ਮੀਟਿੰਗ ਤੋਂ ਉਤਸ਼ਾਹਿਤ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਇਸ ਘਟਨਾਕ੍ਰਮ ਨਾਲ ਸੰਘਰਸ਼ ਨੂੰ ਖਤਮ ਕਰਨ ਅਤੇ ਯਮਨ ਵਿੱਚ ਸ਼ਾਂਤੀ, ਸੁਰੱਖਿਆ ਅਤੇ ਸਥਿਰਤਾ ਨੂੰ ਬਹਾਲ ਕਰਨ ਲਈ ਧਿਰਾਂ ਵਿਚਕਾਰ ਅੱਗੇ ਸਿਆਸੀ ਗੱਲਬਾਤ ਦਾ ਰਾਹ ਪੱਧਰਾ ਹੋਵੇਗਾ।"

ਨਵੀਂ ਦਿੱਲੀ

3 ਜੂਨ, 2022

DISCLAIMER: This is an approximate translation. The original is available in English on MEA's website and may be referred to as the official press release.